# ਪੰਜਾਬੀ ਸਿਨੇਮਾ ਦੀ ਪੌਣੀ ਸਦੀ

Posted On June - 4 - 2011




‘ਨਾਨਕ ਨਾਮ ਜਹਾਜ ਹੈ’ ਫਿਲਮ ਦਾ ਇਕ ਦ੍ਰਿਸ਼

## ਭੀਮ ਰਾਜ ਗਰਗ

ਰਤ ਵਿੱਚ ਸਿਨਮੇ ਦੀ ਸ਼ੁਰੂਆਤ 7 ਜੁਲਾਈ 1896 ਨੂੰ ਲੁਮੇਰ ਬ੍ਰਦਰਜ਼ ਦੁਆਰਾ ਛੇ ਛੋਟੀਆਂ ਕਾਮੇਡੀ ਮੂਕ ਫਿਲਮਾਂ ਮੁੰਬਈ ਦੇ ਵਾਟਸਨ ਹੋਟਲ ’ਚ ਵਿਖਾਉਣ ਨਾਲ ਹੋਈ ਸੀ। ਇਸ ਸ਼ੋਅ ਦੀ ਟਿਕਟ ਦੋ ਰੁਪਏ ਰੱਖੀ ਗਈ ਸੀ ਜੋ ਉਸ ਵਕਤ ਕੁਝ ਅਮੀਰ ਲੋਕਾਂ ਦੀ ਪਹੁੰਚ ਵਿੱਚ ਹੀ ਸੀ ਅਤੇ 200 ਦਰਸ਼ਕ ਹੀ ਇਸ ਦੇ ਗਵਾਹ ਬਣੇ ਸਨ। ਜੇ.ਐਫ. ਮਦਾਨ ਨੇ ਕੋਲਕਾਤਾ ਵਿਖੇ ਸਾਲ 1902 ’ਚ ਤੰਬੂ ਸਿਨੇਮੇ ਦੀ ਸਥਾਪਨਾ ਕੀਤੀ, ਜਦਕਿ ਭਾਰਤ ਦਾ ਪਹਿਲਾ ਸਿਨੇਮਾਘਰ 1907 ’ਚ ਮਿਸਟਰ ਪਾਥੇ ਨੇ ਮੁੰਬਈ ਵਿੱਚ ਸਥਾਪਤ ਕੀਤਾ ਸੀ ਅਤੇ ਕੁਝ ਹੀ ਸਮੇਂ ਦੌਰਾਨ ਹੋਰ ਸ਼ਹਿਰਾਂ ਵਿੱਚ ਵੀ ਸਿਨੇਮਾਹਾਲ ਬਣ ਗਏ। ਧੁਡਿਰਾਜ ਗੋਵਿੰਦ ਫਾਲਕੇ ਨੇ ਹਿੰਦੁਸਤਾਨ ਦੀ ਪਹਿਲੀ ਮੂਕ ਫਿਲਮ ‘ਰਾਜਾ ਹਰੀਸ਼ ਚੰਦ੍ਰ’ ਬਣਾਈ ਜੋ ਮੁੰਬਈ ਦੇ ਕੋਰੋਨੇਸ਼ਨ ਥੀਏਟਰ ਵਿਖੇ 3 ਮਈ, 1913 ਨੂੰ ਰਿਲੀਜ਼ ਕੀਤੀ ਗਈ ਸੀ। ਮੁੰਬਈ ਤੋਂ ਇਲਾਵਾ ਕੋਲਕਾਤਾ, ਮਦਰਾਸ ਤੇ ਪੂਣੇ ਵਿੱਚ ਫਿਲਮਾਂ ਬਣਾਉਣ ਦਾ ਕੰਮ ਜ਼ੋਰਾਂ ਨਾਲ ਚੱਲ ਪਿਆ ਅਤੇ ਫਿਲਮਾਂ ਨੂੰ ਮਿਲੀ ਸਫਲਤਾ ਦੇ ਮੱਦੇਨਜ਼ਰ ਕੁਝ ਫ਼ਿਲਮਕਾਰਾਂ ਨੇ ਪੰਜਾਬ ਦੇ ਲਾਹੌਰ ਸ਼ਹਿਰ ਵਿਖੇ 1928 ਦੇ ਲਗਪਗ ਫਿਲਮਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਅਬਦੁਲ ਰਾਸ਼ਿਦ ਕਾਰਦਾਰ ਨੇ ਮੁਹੰਮਦ ਇਸਮਾਈਲ ਨਾਲ ਮਿਲ ਕੇ ਲਾਹੌਰ ਵਿੱਚ ਪਹਿਲੀ ਫਿਲਮ ਕੰਪਨੀ ਯੂਨਾਈਟਿਡ ਪਲੇਯਰਜ਼ ਕੋਰਪੋਰੇਸ਼ਨ ਬਣਾਈ ਸੀ, ਜਿਸ ਦੇ ਬੈਨਰ ਹੇਠ ‘ਮਿਸਟੀਰੀਅਸ ਈਗਲ’ ਯਾਨੀ ‘ਹੁਸਨ ਕਾ ਡਾਕੂ’ ਫਿਲਮ ਬਣਾਈ ਗਈ ਤੇ ਇਸ ਦੇ ਮਗਰੋਂ ਬਹੁ ਸਾਰੀਆਂ ਮੂਕ ਫਿਲਮਾਂ ਲਾਹੌਰ ’ਚ ਬਣਾਈਆਂ ਗਈਆਂ।



ਭਾਰਤ ਦੀ ਪਹਿਲੀ ਬੋਲਦੀ ਫਿਲਮ ‘ਆਲਮਆਰਾ’ ਦਾ ਨਿਰਮਾਣ ਅਰਦੇਸ਼ਿਰ ਇਰਾਨੀ ਨੇ ਕੀਤਾ, ਜਿਸ ਦਾ ਪ੍ਰਦਰਸ਼ਨ 14 ਮਾਰਚ, 1931 ਨੂੰ ਮੁੰਬਈ ਦੇ ਮੈਜਿਸਟਿਕ ਸਿਨੇਮਾਹਾਲ ’ਚ ਹੋਇਆ ਸੀ। ਇਕ ਵਾਰੀ ਫੇਰ ਕਾਰਦਾਰ ਨੇ ਪੰਜਾਬ ’ਚ ਪਹਿਲੀ ਬੋਲਦੀ ਫਿਲਮ ‘ਹੀਰ ਰਾਂਝਾ’ ਉਰਦੂ ਜ਼ੁਬਾਨ ਵਿੱਚ ਬਣਾਈ, ਪਰ ਪੰਜਾਬੀ ਭਾਸ਼ਾ ਦੀ ਪਲੇਠੀ ਫਿਲਮ ‘ਇਸ਼ਕ-ਏ-ਪੰਜਾਬ’ ਉਰਫ ‘ਮਿਰਜ਼ਾ ਸਾਹਿਬਾਂ’ ਬਨਾਉਣ ’ਚ ਚਾਰ ਸਾਲ ਲੱਗੇ। ਇਹ ਫਿਲਮ ਨਿਰੰਜਨ ਟਾਕੀਜ਼ ਲਾਹੌਰ ਵਿਖੇ 29 ਮਾਰਚ, 1935 ਨੂੰ ਰਿਲੀਜ਼ ਹੋਈ ਸੀ ਅਤੇ ਇਸ ਦੇ ਨਾਲ ਹੀ ਪੰਜਾਬੀ ਸਿਨੇਮਾ

ਦਾ ਸੁਨਹਿਰਾ ਇਤਿਹਾਸ ਸ਼ੁਰੂ ਹੋ ਗਿਆ। ਲਾਹੌਰ ਦੇ ਨਾਲ-ਨਾਲ ਕੁਝ ਫ਼ਿਲਮਕਾਰਾਂ ਨੇ ਕੋਲਕਾਤਾ/ਮੁੰਬਈ 'ਚ ਵੀ ਪੰਜਾਬੀ ਫਿਲਮਾਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ, ਹਾਲਾਂਕਿ ਹਿੰਦੀ ਤੇ ਉਰਦੂ ਫਿਲਮਾਂ ਦੀ ਲੋਕਪ੍ਰਿਯਤਾ ਦੇ ਮੁਕਾਬਲੇ ਪੰਜਾਬੀ ਫਿਲਮਾਂ ਦੀ ਮਾਰਕੀਟ ਬਹੁਤ ਥੋੜ੍ਹੀ ਸੀ। ਪੰਜਾਬੀ ਸਿਨੇਮਾ ਦੇ ਜਨਕਪਿਤਾ ਕੇਸ਼ਵ ਦੇਵ ਮਿਹਰਾ ਨੇ ਕੋਲਕਾਤਾ ਦੇ ਸੇਠ ਸੁਖਲਾਲ ਕਿਰਨਾਨੀ ਦੀ ਮਦਦ ਨਾਲ ਪੰਜਾਬੀ ਫਿਲਮ 'ਸ਼ੀਲਾ' ਉਰਫ਼ 'ਪਿੰਡ ਦੀ ਕੁੜੀ' ਬਣਾਈ ਜਿਸ ਵਿੱਚ ਸੁਰਾਂ ਦੀ ਮਲਿਕਾ ਨੂਰਜਹਾਂ ਪਹਿਲੀ ਵਾਰੀ ਵੱਡੇ ਪਰਦੇ 'ਤੇ ਨਜ਼ਰ ਆਈ ਸੀ। ਇਨ੍ਹਾਂ ਦੋਵਾਂ ਫਿਲਮਾਂ ਨੂੰ ਦਰਸ਼ਕਾਂ ਵੱਲੋਂ ਨਿੱਘਾ ਹੁੰਗਾਰਾ ਮਿਲਿਆ, ਨਤੀਜਨ ਪੰਜਾਬੀ ਫਿਲਮਾਂ ਬਣਾਉਣ ਵਾਲਿਆਂ ਦੀ ਹੋੜ ਲੱਗ ਗਈ। ਕਈ ਨਵੇਂ ਸਟੂਡੀਓ ਖੁੱਲ੍ਹ ਗਏ ਅਤੇ ਮੁੰਬਈ/ਕੋਲਕਾਤਾ ਦੇ ਕਈ ਨਾਮੀ ਕਲਾਕਾਰ, ਫਿਲਮਸਾਜ਼, ਨਿਰਦੇਸ਼ਕ ਤੇ ਟੈਕਨੀਸ਼ਨ ਲਾਹੌਰ ਸ਼ਿਫਟ ਕਰ ਗਏ, ਜਿਨ੍ਹਾਂ 'ਚ ਸ਼ਾਂਤਾ ਆਪਟੇ, ਮੋਤੀਲਾਲ, ਚੰਦਰ ਮੋਹਨ, ਹੀਰਾਲਾਲ, ਮੁਮਤਾਜ਼, ਸ਼ਾਂਤੀ ਤੇ ਵਲੀ ਸਾਹਿਬ ਸ਼ਾਮਲ ਸਨ। ਉਸ ਵੇਲੇ ਲਾਹੌਰ ਉੱਤਰ ਭਾਰਤ ਦਾ ਇੱਕੋ-ਇਕ ਫਿਲਮਾਂ ਬਣਾਉਣ ਦਾ ਕੇਂਦਰ ਸੀ ਤੇ ਪੰਜਾਬੀ ਫਿਲਮਾਂ 'ਚ ਤਾਂ ਇਸ ਦਾ ਕੋਈ ਸਾਨੀ ਨਹੀਂ ਸੀ। ਪੁਰਾਣੀਆਂ ਪੰਜਾਬੀ ਫਿਲਮਾਂ ਸਾਫ਼-ਸੁਥਰੀਆਂ, ਪਰਿਵਾਰਕ ਤੇ ਸੰਗੀਤਮਈ ਹੁੰਦੀਆਂ ਸਨ ਅਤੇ ਪੰਜਾਬੀ ਸਭਿਆਚਾਰ, ਰੀਤੀ-ਰਿਵਾਜ ਤੇ ਬੋਲਚਾਲ-ਪਹਿਰਾਵੇ ਨੂੰ ਪੇਸ਼ ਕਰਦੀਆਂ ਸਨ। ਉਸ ਜ਼ਮਾਨੇ ਦੀਆਂ ਕੁਝ ਮਸ਼ਹੂਰ ਫਿਲਮਾਂ 'ਹੀਰ ਸਿਆਲ', ਸੋਹਣੀ ਮਹੀਵਾਲ', 'ਸੋਹਣੀ ਕੁਮਾਹਾਰਣ', 'ਗੁਲ-ਬਕਾਵਾਲੀ', 'ਮਿਰਜ਼ਾ ਸਾਹਿਬਾ', 'ਸੱਸੀ ਪੁੰਨੂੰ' ਅਤੇ 'ਦੁੱਲਾ ਭੱਟੀ' ਜ਼ਿਆਦਾਤਰ ਪੁਰਾਣੀਆਂ ਪ੍ਰੇਮ ਕਥਾਵਾਂ 'ਤੇ ਆਧਾਰਿਤ ਸਨ। ਪੰਜਾਬੀ ਫਿਲਮ 'ਯਮਲਾ ਜੱਟ' ਵਿੱਚ ਪ੍ਰਾਣ ਸਾਹਿਬ ਨੇ ਪਹਿਲੀ ਵਾਰੀ ਫਿਲਮਾਂ 'ਚ ਕੰਮ ਕੀਤਾ ਸੀ ਅਤੇ ਕਾਮੇਡੀ/ਗੀਤ ਸੰਗੀਤ ਦੀ ਭਰਮਾਰ ਹੋਣ ਕਾਰਨ ਦਰਸ਼ਕਾਂ ਨੂੰ ਬਹੁਤ ਪਸੰਦ ਆਈ ਸੀ। ਇਸ ਫਿਲਮ ਨੇ ਲਗਾਤਾਰ ਤਿੰਨ ਮਹੀਨੇ ਇੱਕੋ ਸਿਨੇਮਾਘਰ ਵਿੱਚ ਚੱਲਣ ਦਾ ਰਿਕਾਰਡ ਵੀ ਕਾਇਮ ਕੀਤਾ।

ਕਮਲਾ ਮੂਵੀਟੋਨ ਦੀ ਫਿਲਮ 'ਮੰਗਤੀ', ਪਲੈਟੀਨਮ ਜੁਬਲੀ ਮਨਾਉਣ ਵਾਲੀ ਪਹਿਲੀ ਪੰਜਾਬੀ ਫਿਲਮ ਵਜੋਂ ਜਾਣੀ ਜਾਂਦੀ ਹੈ। ਲਾਹੌਰ ਹੁਣ, ਵੱਡੀ ਫਿਲਮ ਸਨਅਤ ਵੱਲੋਂ ਉਭਰ ਕੇ ਸਾਹਮਣੇ ਆਇਆ ਸੀ। ਸੰਨ 1941 ਦੇ ਸ਼ੁਰੂ ਵਿੱਚ, ਪੰਜਾਬੀ ਸਿਨੇਮੇ ਨੇ ਲੰਮੀ ਛਾਲ ਮਾਰੀ ਤੇ ਇਸ ਦਾ ਜ਼ਿਕਰ ਭਾਰਤੀ ਫਿਲਮ ਉਦਯੋਗ ਦੇ ਸਿਖਰ 'ਤੇ ਕੀਤਾ ਜਾਣ ਲੱਗਾ। ਉਸ ਦੌਰ ਦੀਆਂ ਕੁਝ ਚਰਚਿਤ ਫਿਲਮਾਂ ਜਿਵੇਂ ਰਾਵੀ ਪਾਰ, ਪਟਵਾਰੀ, ਇਕ ਮੁਸਾਫ਼ਿਰ, ਕਮਲੀ, ਗੁਆਂਢੀ, ਕੋਇਲ, ਅਲੀ ਬਾਬਾ, ਮੇਰਾ ਪੰਜਾਬ, ਪੂਰਨ ਭਗਤ, ਜੱਗਾ ਡਾਕੂ, ਲੈਲਾ ਮਜਨੂ, ਚੌਧਰੀ, ਚੰਬੇ ਦੀ ਕਲੀ, ਮੇਰਾ ਮਾਹੀ, ਸੇਹਤੀ ਮੁਰਾਦ, ਮੁਬਾਰਕ ਤੇ ਪਰਦੇਸੀ ਢੋਲਾ ਨੇ ਦਰਸ਼ਕਾਂ ਦੇ ਦਿਲਾਂ ਉੱਤੇ ਡੂੰਘੀ ਛਾਪ ਛੱਡੀ ਸੀ। ਇਸ ਮਗਰੋਂ ਤਾਂ ਲਗਦਾ ਸੀ ਕਿ ਜਿਵੇਂ ਪੰਜਾਬੀ ਫਿਲਮਾਂ ਦੀ ਸ਼ੁਹਰਤ ਨੂੰ ਕਿਸੇ ਦੀ ਭੈੜੀ ਨਜ਼ਰ ਲੱਗ ਗਈ, ਕਿਉਂਕਿ 1945 ਤੋਂ 1948 ਦੌਰਾਨ ਇੱਕੋ ਪੰਜਾਬੀ ਫਿਲਮ 'ਕਮਲੀ' ਬਣਾਈ ਗਈ ਸੀ। 1947 'ਚ ਦੇਸ਼ ਦੇ ਬਟਵਾਰੇ ਵੇਲੇ, ਪੰਜਾਬ ਸਮੇਤ ਭਾਰਤ ਦੇ ਹੋਰ ਕਈ ਰਾਜਾਂ ਵਿੱਚ ਸੰਪਰਦਾਇਕ ਦੰਗੇ-ਫਸਾਦ ਹੋਣ ਕਾਰਨ, ਲਾਹੌਰ ਫਿਲਮ ਸਨਅਤ ਨੂੰ ਜ਼ਬਰਦਸਤ ਧੱਕਾ ਪਹੁੰਚਿਆ। ਸ਼ੋਰੀ ਸਟੂਡੀਓ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਦੰਗਿਆਂ ਦੀ ਅੱਗ ਨੇ ਸਾੜ ਦਿੱਤਾ ਸੀ। ਜ਼ਿਆਦਾਤਰ ਫਿਲਮ ਪ੍ਰੋਡਿਊਸਰ, ਡਾਇਰੈਕਟਰ, ਸੰਗੀਤਕਾਰ, ਟੈਕਨੀਸ਼ਨ ਤੇ ਹੋਰ ਕਲਾਕਾਰ ਹਿੰਦੁਸਤਾਨ ਪਰਤ ਆਏ ਤੇ ਲਾਹੌਰ ਇਕ ਫਿਲਮੀ 'ਭੂਤ-ਸ਼ਹਿਰ' ਬਣ ਕੇ ਰਹਿ ਗਿਆ।

ਵੰਡ ਤੋਂ ਬਾਅਦ ਪੰਜਾਬੀ ਸਿਨੇਮੇ ਵਿੱਚ ਇਕ ਵੱਡਾ ਬਦਲਾਅ ਆਇਆ, ਹਿੰਦੁਸਤਾਨ ਦੇ ਫਿਲਮਕਾਰਾਂ ਨੇ ਨਵੇਂ ਭਾਰਤ ਦੀ ਮੁੜ ਉਸਾਰੀ, ਪੇਂਡੂ ਵਿਕਾਸ ਅਤੇ ਸਮਾਜਕ ਸਮੱਸਿਆਵਾਂ ਦੇ ਮੁੱਦਿਆਂ 'ਤੇ ਆਧਾਰਿਤ ਪੰਜਾਬੀ ਫਿਲਮਾਂ ਬਣਾਉਣੀਆਂ ਸ਼ੁਰੂ ਕੀਤੀਆਂ। ਉਸ ਦੌਰ ਦੀਆਂ ਚਰਚਿਤ ਫਿਲਮਾਂ 'ਚ ਚਮਨ, ਭਾਈਆ ਜੀ, ਜੁਗਨੀ, ਲੱਛੀ, ਮਦਾਰੀ, ਪੋਸਤੀ, ਪਗੜੀ ਸੰਭਾਲ ਜੱਟਾ, ਚੌਧਰੀ ਕਰਨੈਲ ਸਿੰਘ, ਵੰਜਾਰਾ, ਖੇਡਣ ਦੇ ਜਦਨ ਚਾਰ, ਪਿੰਡ ਦੀ ਕੁੜੀ, ਜੱਗਾ, ਵਿਸਾਖੀ, ਮੁਟਿਆਰ, ਮੁਕਲਾਵਾ, ਗੁੱਡੀ, ਗੀਤ ਬਹਾਰਾਂ ਦੇ, ਦੁੱਲਾ-ਭੱਟੀ ਤੇ ਹੀਰ ਸਿਆਲ ਦੇ ਨਾਮ ਸ਼ਾਮਲ ਹਨ। ਪੰਜਾਬੀ ਫਿਲਮਾਂ ਨੂੰ ਭਾਖੜੀ ਖਾਨਦਾਨ ਦੀ ਓਹੀ ਦੇਣ ਹੈ ਜਿਹੜੀ ਹਿੰਦੀ ਫਿਲਮਾਂ ਲਈ ਕਪੂਰ ਖਾਨਦਾਨ ਦੀ ਹੈ।

ਫਿਲਮਾਂ ਨੂੰ ਬਾਕਸ ਆਫਿਸ 'ਤੇ ਹਿੱਟ ਕਰਨ ਵਾਸਤੇ ਮਸਾਲੇਦਾਰ ਕਹਾਣੀ ਅਤੇ ਰਸੀਲੇ ਗੀਤ-ਸੰਗੀਤ ਤੋਂ ਇਲਾਵਾ ਕਾਮੇਡੀ ਦੀ ਵੀ ਜ਼ਰੂਰਤ ਹੁੰਦੀ ਹੈ। ਇਸ ਲਈ ਮੁੱਢ ਕਦੀਮੋਂ ਹੀ ਕਾਮੇਡੀ, ਪੰਜਾਬੀ ਫਿਲਮਾਂ ਦਾ ਅਹਿਮ ਹਿੱਸਾ ਰਹੀ ਹੈ। ਸ਼ੁਰੂਆਤੀ ਦੌਰ ਦੀਆਂ ਪੰਜਾਬੀ ਫਿਲਮਾਂ ਭੰਗੜਾ, ਕੌਡੇ ਸ਼ਾਹ, ਨਿੱਕੀ, ਮਾਮਾ ਜੀ, ਦੋ ਲੱਛੀਆਂ, ਚੰਬੇ ਦੀ ਕਲੀ, ਸੱਤ ਸਾਲੀਆਂ, ਕਿੱਕਲੀ ਤੇ ਬੰਤੋ ਨੇ ਦਰਸ਼ਕਾਂ ਦੇ ਦਿਲ ਜਿੱਤ ਲਏ ਸੀ। ਇਨ੍ਹਾਂ ਫਿਲਮਾਂ 'ਚ ਸਾਧਾਰਨ ਪੇਂਡੂ ਮਾਹੌਲ ਦੀ ਹਲਕੀ-ਫੁਲਕੀ ਕਾਮੇਡੀ ਹੁੰਦੀ ਸੀ ਜਿਹੜੀ ਫਿਲਮ ਦੀ ਕਹਾਣੀ ਦੇ ਨਾਲ-ਨਾਲ ਚਲਦੀ ਸੀ। ਮਜਨੂ, ਸੁੰਦਰ, ਖਰੈਤੀ ਭੈਂਗਾ, ਗੋਪਾਲ ਸਹਿਗਲ ਉਸ ਸਮੇਂ ਦੀਆਂ ਫਿਲਮਾਂ ਦੇ ਮਸ਼ਹੂਰ ਕਾਮੇਡੀ ਕਲਾਕਾਰ ਸਨ। ਆਈ.ਐਸ. ਜੌਹਰ ਦੀ ਪਛਾਣ ਫਿਲਮ 'ਨਾਨਕ ਨਾਮ ਜਹਾਜ਼ ਹੈ', ਵਿਚਲੇ 'ਸੂਕੇ' ਦੇ ਕਿਰਦਾਰ ਵਜੋਂ ਬਣੀ। ਇਸ ਤੋਂ ਅਗਲੇ ਦੌਰ 'ਚ ਪੰਜਾਬੀ ਫਿਲਮਾਂ ਵਿਚਲੀ ਕਾਮੇਡੀ ਦੀ ਝੰਡੀ ਮੁੱਖ ਰੂਪ 'ਚ ਮੇਹਰ ਮਿੱਤਲ ਦੇ ਹੱਥ ਆ ਗਈ। ਜਸਪਾਲ ਭੱਟੀ, ਸੁਰਿੰਦਰ ਸ਼ਰਮਾ, ਭਗਵੰਤ ਮਾਨ, ਗਰਪ੍ਰੀਤ ਘੁੱਗੀ, ਗੋਪੀ ਭੱਲਾ, ਸੁਦੇਸ਼ ਲਹਿਰੀ, ਵਿਵੇਕ ਸ਼ੌਕ, ਨਾਜ਼ਰ ਜਰਗੀਆਂ ਤੇ ਭੋਟੂ ਸ਼ਾਹ ਮੌਜੂਦਾ ਦੌਰ ਦੀਆਂ ਫਿਲਮਾਂ 'ਚ ਹਲਕੀ-ਫੁਲਕੀ ਕਾਮੇਡੀ ਕਰਦੇ ਨਜ਼ਰ ਆਉਂਦੇ ਹਨ। 'ਮਰ ਜਾਵਾਂ ਗੁੜ ਖਾ ਕੇ' ਅਜਿਹੀ ਪੰਜਾਬੀ ਫਿਲਮ ਹੈ ਜਿਸ ਵਿੱਚ ਬਾਲੀਵੁੱਡ ਦੇ ਨਾਮਵਰ ਅਦਾਕਾਰਾਂ ਤੋਂ ਇਲਾਵਾ ਹਿੰਦੀ ਤੇ ਪੰਜਾਬੀ ਕਾਮੇਡੀਅਨਾਂ ਦੀ ਇਕ ਵੱਡੀ ਫੌਜ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਉਂਦੀ ਨਜ਼ਰ ਆ ਰਹੀ ਹੈ।

ਸੰਨ 1964 ਵਿੱਚ ਬਲਰਾਜ ਸਾਹਨੀ, ਨਿਸ਼ੀ, ਵਾਸਤੀ ਤੇ ਮਿਰਜ਼ਾ ਮੁਸ਼ਰਫ਼ ਸਰੀਖੇ ਕਲਾਕਾਰਾਂ ਨੂੰ ਲੈ ਕੇ ਇਕ ਵੱਡੇ ਬਜਟ ਦੀ ਪੰਜਾਬੀ ਫਿਲਮ 'ਸਤਲੁਜ ਦੇ ਕੰਢੇ' ਬਣਾਈ ਗਈ ਸੀ ਅਤੇ ਇਸ ਨੂੰ ਕੌਮੀ ਫਿਲਮ ਪੁਰਸਕਾਰ ਨਾਲ ਸਨਮਾਨਿਆ ਗਿਆ। 1960 ਦੇ ਦਸ਼ਕ ਦੇ ਆਖੀਰ 'ਚ ਕਈ ਪੰਜਾਬੀ ਫਿਲਮ ਨਿਰਮਾਤਾਵਾਂ ਦਾ ਝੁਕਾਅ ਧਾਰਮਿਕ ਭਾਵਨਾਵਾਂ ਨਾਲ ਭਰਪੂਰ ਸਮਾਜਿਕ ਫਿਲਮਾਂ ਬਣਾਉਣ ਵੱਲ ਹੋ ਗਿਆ ਸੀ ਕਿਉਂਕਿ ਪੰਨਾ ਲਾਲ ਮਹੇਸ਼ਵਰੀ ਦੀ ਫਿਲਮ 'ਨਾਨਕ ਨਾਮ ਜਹਾਜ਼ ਹੈ' ਨੂੰ ਸਿਲਵਰ ਸਕਰੀਨ 'ਤੇ ਬੇਪਨਾਹ ਸਫਲਤਾ ਹਾਸਿਲ ਹੋਈ ਸੀ। ਦੇਸ਼ ਦੇ ਬਟਵਾਰੇ ਤੋਂ ਬਾਅਦ ਇਹ ਪਹਿਲੀ ਪੰਜਾਬੀ ਫਿਲਮ ਸੀ ਜਿਸ ਨੇ ਪੰਜਾਬ ਤੋਂ ਬਾਹਰ ਦਿੱਲੀ ਤੇ ਹੋਰਨਾਂ ਸੂਬਿਆਂ ਵਿੱਚ ਕਾਫੀ ਧੂਮ ਮਚਾਈ ਸੀ ਅਤੇ ਇਹਦੇ ਨਾਲ ਹੀ ਪੰਜਾਬੀ ਧਾਰਮਿਕ ਫਿਲਮਾਂ ਬਣਾਉਣ ਦਾ ਨਵਾਂ ਯੁੱਗ ਸ਼ੁਰੂ ਹੋਇਆ। ਇਸ ਕੜੀ ਵਿਚ ਹੋਰ ਬਣਨ ਵਾਲੀਆਂ ਫਿਲਮਾਂ 'ਚ 'ਨਾਨਕ ਦੁਖੀਆ ਸਭ ਸੰਸਾਰ', 'ਮਿੱਤਰ ਪਿਆਰੇ ਨੂੰ', 'ਮਨ ਜੀਤੇ ਜੱਗ ਜੀਤ', 'ਗੁਰੂ ਮਾਨਿਯੋ ਗ੍ਰੰਥ', 'ਦੁੱਖ ਭੰਜਨ ਤੇਰਾ ਨਾਮ', 'ਪਾਪੀ ਤਾਰੇ ਅਨੇਕ', 'ਸਵਾ ਲਾਖ ਸੇ ਏਕ ਲੜਾਊਂ', 'ਸਤ ਸ੍ਰੀ ਅਕਾਲ' ਅਤੇ 'ਉੱਚਾ ਦਰ ਬਾਬੇ ਨਾਨਕ ਦਾ' ਵਰਨਣਯੋਗ ਹਨ। ਇਸ ਤੋਂ ਮਗਰੋਂ ਹਿੰਦੀ ਫਿਲਮਾਂ ਵਾਂਗ ਮਲਟੀ ਸਟਾਰ-ਕਾਸਟ ਵਾਲੀਆਂ ਪੰਜਾਬੀ ਫਿਲਮਾਂ ਦਾ ਦੌਰ ਆਇਆ ਜਦ 'ਕਣਕਾਂ ਦੇ ਓਹਲੇ', 'ਦੋ ਸ਼ੇਰ', 'ਦਾਜ', 'ਗਿੱਧਾ', 'ਸੰਤੋ ਬੰਤੋ', 'ਟਾਕਰਾ', 'ਯਮਲਾ ਜੱਟ', 'ਸਾਲ ਸੋਲ੍ਹਵਾਂ ਚੜ੍ਹਿਆ', 'ਉਡੀਕਾਂ', 'ਫੌਜੀ ਚਾਚਾ', 'ਬਲਬੀਰੋ ਭਾਬੀ', 'ਸਰਪੰਚ', 'ਪੁੱਤ ਜੱਟਾਂ ਦੇ' ਅਤੇ 'ਤਿਲ ਤਿਲ ਦਾ ਲੇਖਾ' ਵਰਗੀਆਂ ਫਿਲਮਾਂ ਆਈਆਂ।

ਪੰਜਾਬੀ ਫਿਲਮਾਂ ਦੇ ਕਾਮਯਾਬ ਕਲਾਕਾਰਾਂ 'ਚ ਨੂਰਜਹਾਂ, ਮੁਮਤਾਜ ਸ਼ਾਂਤੀ, ਗੀਤਾ ਬਾਲੀ, ਨਿਸ਼ੀ ਇੰਦਰਾ ਬਿੱਲੀ, ਪ੍ਰਾਣ, ਓਮ ਪ੍ਰਕਾਸ਼, ਕਰਨ ਦੀਵਾਨ, ਦਲਜੀਤ, ਪ੍ਰੇਮ ਚੋਪੜਾ, ਰਵਿੰਦਰ ਕਪੂਰ ਤੇ ਦਾਰਾ ਸਿੰਘ ਦੇ ਨਾਂ ਸ਼ਾਮਲ ਹਨ। ਵਰਿੰਦਰ ਨੇ ਪੰਜਾਬੀ ਫ਼ਿਲਮ ਜਗਤ ਵਿੱਚ 'ਤੇਰੀ ਮੇਰੀ ਇਕ ਜਿੰਦੜੀ' ਤੇ 'ਹੀਰੋ' ਵਜੋਂ ਦਸਤਕ ਦਿੱਤੀ। ਉਸ ਤੋਂ ਬਾਅਦ 'ਧਰਮਜੀਤ', 'ਸੰਤੋ ਬੰਤੋ', 'ਟਾਕਰਾ', 'ਸੈਦਾ ਜੋਗਣ', 'ਲੰਬੜਦਾਰਨੀ', 'ਸਰਪੰਚ', 'ਬਟਵਾਰਾ' ਤੇ 'ਯਾਰੀ ਜੱਟ ਦੀ' ਫ਼ਿਲਮਾਂ ਵਿਚ ਉਸ ਨੇ ਮਹੱਤਵਪੂਰਨ ਰੋਲ ਅਦਾ ਕੀਤਾ। ਸਾਲ 1988 ਵਿੱਚ ਲੁਧਿਆਣਾ ਦੇ ਨੇੜੇ ਇਕ ਪਿੰਡ 'ਚ ਫ਼ਿਲਮ 'ਜੱਟ ਦੀ ਜ਼ਮੀਨ' ਦੀ ਸ਼ੂਟਿੰਗ ਦੌਰਾਨ ਅਤਿਵਾਦੀਆਂ ਵੱਲੋਂ ਸੈੱਟ 'ਤੇ ਅਚਾਨਕ ਹਮਲਾ ਕਰ ਕੇ ਇਸ ਸਿਰਕੱਢ ਕਲਾਕਾਰ, ਨਿਰਦੇਸ਼ਕ, ਲੇਖਕ ਤੇ ਨਿਰਮਾਤਾ ਦੀ ਹੱਤਿਆ ਕਰ ਦਿੱਤੀ ਸੀ। ਵਰਿੰਦਰ ਦੀ ਮੌਤ ਤੋਂ ਬਾਅਦ ਕਈ ਨਵੇਂ ਹੀਰੋ ਪੰਜਾਬੀ ਫ਼ਿਲਮਾਂ 'ਚ ਆਪਣੀ ਕਿਸਮਤ ਅਜ਼ਮਾਉਣ ਆਏ ਜਿਵੇਂ ਸਤੀਸ਼ ਕੌਲ, ਯੋਗਰਾਜ ਸਿੰਘ, ਗੁੱਗੂ ਗਿੱਲ ਤੇ ਸ਼ਵਿੰਦਰ ਮਾਹਲ। ਦੂਜੇ ਪਾਸੇ ਪੰਜਾਬੀ ਫ਼ਿਲਮੀ ਹੀਰੋਇਨਾਂ 'ਚ ਪ੍ਰੀਤੀ ਸਪਰੂ, ਉਪਾਸਨਾ ਸਿੰਘ ਤੇ ਦਲਜੀਤ ਕੌਰ ਨੇ ਦਰਜਨਾਂ ਫ਼ਿਲਮਾਂ ਕੀਤੀਆਂ ਹਨ।

ਕਦੇ ਪੰਜਾਬੀ ਸਿਨੇਮਾ ਨੂੰ ਇਸ ਦੀ ਮਿੱਟੀ ਨਾਲ ਜੋੜਿਆ ਗਿਆ ਸੀ, ਲਿਹਾਜ਼ਾ ਉਸ ਯੁੱਗ ਦੀਆਂ ਫ਼ਿਲਮਾਂ ਦੇ ਗੀਤਾਂ ਅਤੇ ਸੰਵਾਦਾਂ ਵਿੱਚੋਂ ਪੰਜਾਬੀ ਸਭਿਆਚਾਰ ਦੀ ਮਹਿਕ ਆਉਂਦੀ ਸੀ। ਪੁਰਾਣੇ ਜ਼ਮਾਨੇ  ਦੇ ਸੰਗੀਤਕਾਰਾਂ ਗੁਲਾਮ ਹੈਦਰ, ਧੂਮੀ ਖ਼ਾਨ, ਮਾਸਟਰ ਗੋਵਿੰਦ ਰਾਮ, ਸ਼ਾਮ ਸੁੰਦਰ, ਵਿਨੋਦ, ਹੰਸ ਰਾਜ ਬਹਿਲ, ਸਰਦੂਲ ਕਵਾਤਰਾ, ਸ੍ਰੀ ਮਦਨ ਤੇ ਸ੍ਰੀ ਮੋਹਿੰਦਰ ਨੇ ਕਈ ਯਾਦਗਾਰ ਗਾਣੇ ਪੰਜਾਬੀ ਫ਼ਿਲਮਾਂ ਵਾਸਤੇ ਰਿਕਾਰਡ ਕੀਤੇ। ਜਿਵੇਂ "ਕਣਕਾਂ ਦੀਆਂ ਫਸਲਾਂ ਪੱਕੀਆਂ ਨੇ….", "ਸ਼ਾਲਾ ਜਵਾਨੀਆਂ ਮਾਣੇ…", "ਏਥੋਂ ਉੜ ਜਾ ਭੋਲਿਆ ਪੰਛੀਆ…", "ਨੀ ਸੋਹਣੀਏ ਨੀ ਹੀਰੀਏ….", "ਸਾਰੀ ਸਾਰੀ  ਰਾਤ ਤੇਰਾ ਤੱਕਨੀ ਆਂ ਰਾਹ…" "ਬੱਤੀ ਬਾਲ ਕੇ ਬਨੇਰੇ 'ਤੇ ਰੱਖਨੀ ਆਂ…", "ਦਾਣਾ ਪਾਣੀ ਖਿੱਚ ਕੇ ਲਿਓਂਦਾ ਕੌਣ ਕਿਸੇ ਦਾ  ਖਾਂਉਂਦਾ…", "ਜੱਗ ਵਾਲਾ ਮੇਲਾ ਯਾਰੋ…", "ਨਾਲੇ ਲੰਮੀ ਤੇ ਨਾਲੇ ਕਾਲੀ…..'' ਤੇ "ਪਿਆਰ ਦੇ ਭੁਲੇਖੇ…", ਇਨ੍ਹਾਂ ਸੁਰੀਲੇ ਗੀਤਾਂ ਨੂੰ ਨੂਰਜਹਾਂ, ਸ਼ਮਸ਼ਾਦ ਬੇਗਮ, ਮੁਹੰਮਦ ਰਫ਼ੀ, ਲਤਾ ਮੰਗੇਸ਼ਕਰ ਤੇ ਆਸ਼ਾ ਭੌਂਸਲੇ ਗਾਇਕਾਂ  ਨੇ ਆਪਣੀ ਮਿਠੜੀ ਆਵਾਜ਼ 'ਚ ਗਾਇਆ ਸੀ। ਪੰਜਾਬੀ ਫ਼ਿਲਮਾਂ ਦੇ ਪੁਰਾਣੇ ਗਾਇਕਾਂ  ਦਾ ਜ਼ਿਕਰ ਕਰੀਏ ਤਾਂ ਮੁਹੰਮਦ ਰਫ਼ੀ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ। ਸੰਗੀਤਕਾਰ ਸ਼ਾਮ ਸੁੰਦਰ ਨੇ ਫ਼ਿਲਮ "ਗੁਲ ਬਲੋਚ" ਰਾਹੀਂ ਮੁਹੰਮਦ ਰਫ਼ੀ ਨੂੰ ਬਤੌਰ ਪਿੱਠਵਰਤੀ ਗਾਇਕ ਪਹਿਲੀ ਵਾਰ   1944 'ਚ ਮੌਕਾ ਦਿੱਤਾ ਸੀ ਤੇ ਉਹ ਅੱਗੇ ਚੱਲ ਕੇ ਹਿੰਦੁਸਤਾਨੀ ਫ਼ਿਲਮਾਂ ਦਾ ਬੇਤਾਜ ਬਾਤਸ਼ਾਹ ਬਣਿਆ। ਮੁਹੰਮਦ ਰਫ਼ੀ ਦੇ ਨਾਲ-ਨਾਲ ਮਹਿੰਦਰ ਕਪੂਰ, ਜਸਪਾਲ ਸਿੰਘ ਤੇ ਸੁਰਿੰਦਰ ਕੋਹਲੀ ਵੀ ਬਤੌਰ ਪਿੱਠਵਰਤੀ ਗਾਇਕ ਪੰਜਾਬੀ ਫ਼ਿਲਮਾਂ ਨਾਲ ਜੁੜੇ ਹੋਏ ਸਨ। ਪੁਰਾਣੀਆਂ ਪਿੱਠਵਰਤੀ ਗਾਇਕਾਵਾਂ ਵਿੱਚੋਂ ਸ਼ਮਸ਼ਾਦ ਬੇਗਮ ਜ਼ਿਆਦਾ ਚਰਚਿਤ ਰਹੀ ਭਾਵੇਂ ਲਤਾ ਮੰਗੇਸ਼ਕਰ ਅਤੇ ਆਸ਼ਾ ਭੋਸਲੇ ਨੇ ਵੀ ਕਾਫ਼ੀ ਪੰਜਾਬੀ ਗਾਣੇ ਗਾਏ ਹਨ। ਇਸ ਤੋਂ ਇਲਾਵਾ ਸੁਮਨ ਕਲਯਾਨਪੁਰ, ਕ੍ਰਿਸ਼ਨਾ ਕੱਲੇ, ਦਿਲਰਾਜ ਕੌਰ, ਮੀਨੂ ਪਰਸ਼ੋਤਮ ਤੇ ਸਵਿਤਾ ਸਾਥੀ ਦੇ ਨਾਂ ਵੀ ਜ਼ਿਕਰਯੋਗ   ਹਨ। 'ਸੈਦਾ ਜੋਗਣ' ਫ਼ਿਲਮ 'ਚ ਪਹਿਲੀ ਵਾਰ ਪੰਜਾਬ ਦੇ ਗਾਇਕ ਮੁਹੰਮਦ ਸਦੀਕ ਤੇ ਰਣਜੀਤ ਕੌਰ ਨੇ ਗਾਣੇ ਗਾਏ। ਇਸੇ ਤਰ੍ਹਾਂ ਕੁਲਦੀਪ ਮਾਣਕ ਦੇ 'ਬਲਬੀਰੋ ਭਾਬੀ' ਫ਼ਿਲਮ 'ਚ ਗਾਏ ਗਾਣੇ ਅੱਜ ਵੀ ਫ਼ਿਲਮ ਵੇਖਣ ਵਾਲਿਆਂ ਦੀ ਜ਼ੁਬਾਨ 'ਤੇ ਹਨ। ਗੁਰਦਾਸ ਮਾਨ ਗਾਇਕ ਤੇ ਨਾਇਕ ਵਜੋਂ ਸਫਲਤਾ ਹਾਸਲ ਕਰਨ ਵਾਲਾ ਪਹਿਲਾ ਕਲਾਕਾਰ ਹੈ। ਸੁਰਜੀਤ ਬਿੰਦਰਖੀਆ ਨੇ 'ਬਦਲਾ ਜੱਟੀ ਦਾ', 'ਲਲਕਾਰਾ ਜੱਟੀ ਦਾ' ਤੇ 'ਜੱਟ ਜਿਉਣਾ ਮੌੜ' ਫ਼ਿਲਮਾਂ 'ਚ ਬਤੌਰ ਗਾਇਕ ਪਰਦੇ 'ਤੇ ਕੰਮ ਕੀਤਾ। ਇਸ ਤੋਂ ਬਾਅਦ ਮਨਮੋਹਨ ਸਿੰਘ ਜਿਹੇ ਪਾਰਖੂ ਨਿਰਦੇਸ਼ਕ ਨੇ ਹਰਭਜਨ ਮਾਨ ਨੂੰ ਨਾਇਕ ਬਣਾ ਕੇ ਪੇਸ਼ ਕੀਤਾ ਅਤੇ ਵੱਖਰੀ ਪਛਾਣ ਬਣਾਈ। ਜਦਕਿ ਬੱਬੂ ਮਾਨ ਬਤੌਰ ਗਾਇਕ ਦਰਸ਼ਕਾਂ ਤੇ ਸਰੋਤਿਆਂ ਦੀ ਪਸੰਦ 'ਤੇ ਸਦਾ ਹੀ ਖਰਾ ਉੱਤਰਿਆ ਹੈ।

ਪਾਲੀਵੁੱਡ (ਪੰਜਾਬੀ ਸਿਨੇਮਾ) ਦੀ ਤ੍ਰਾਸਦੀ ਇਹ ਹੈ ਕਿ ਕਾਬਲ ਨਿਰਮਾਤਾ/ ਨਿਰਦੇਸ਼ਕਾਂ, ਚੰਗੇ ਤੇ ਵਧੀਆ ਪਟਕਥਾ/ਸੰਵਾਦ ਲੇਖਕਾਂ ਦੀ

ਸਭ ਤੋਂ ਵੱਡੀ ਘਾਟ ਹੈ। ਫ਼ਿਲਮਾਂ ਵਿਚਲਾ ਦੁਹਰਾਅ, ਵਿਸ਼ੇ ਮੁਤਾਬਕ ਕਹਾਣੀ ਦਾ ਫ਼ਿਲਮਾਂਕਣ ਨਾ ਹੋਣਾ, ਕਿਰਦਾਰਾਂ ਦੀ ਚੋਣ, ਤਕਨੀਕੀ ਪੱਖ ਅਤੇ ਹੋਰ ਕਈ ਅਜਿਹੇ ਕਾਰਨ ਪੰਜਾਬੀ ਸਿਨੇਮਾ ਦੇ ਅੱਗੇ ਵਧਣ 'ਚ ਰੋੜਾ ਬਣ ਰਹੇ ਹਨ। ਹਰ ਦੌਰ ਦੇ ਸਿਨੇਮਾ ਦਾ ਵੱਖਰਾ ਮੁਹਾਂਦਰਾ ਹੁੰਦਾ ਹੈ ਅਤੇ ਵੱਖਰੀ ਪਛਾਣ ਹੁੰਦੀ ਹੈ। ਹੁਣ ਵਿਸ਼ਵੀਕਰਨ ਦਾ ਯੁੱਗ ਹੈ ਤੇ ਪੰਜਾਬੀ ਸਿਨੇਮਾ ਵੀ ਇਸ ਦੌਰ 'ਚ ਆਪਣੇ ਸਰੂਪ ਨੂੰ ਬਦਲ ਰਿਹਾ ਹੈ। ਪਿੰਡਾਂ 'ਚ ਰਹਿ ਰਹੇ ਕਿਸਾਨ ਪਾਤਰ ਸਮਾਪਤ ਹੋ ਗਏ ਹਨ ਅਤੇ ਵਿਦੇਸ਼ਾਂ 'ਚ ਰਹਿ ਰਹੇ ਪਰਵਾਸੀਆਂ ਨੂੰ ਪ੍ਰਮੁੱਖਤਾ ਦਿੱਤੀ ਜਾ ਰਹੀ ਹੈ। ਤਕਨੀਕ ਅਤੇ ਗਲੈਮਰ ਹਾਵੀ ਹੋ ਰਹੇ ਹਨ ਜਦੋਂ ਕਿ ਸਾਦਗੀ ਅਤੇ ਸਦੀਵੀਪਣ ਬਹੁਤ ਪਿੱਛੇ ਰਹਿ ਗਏ ਹਨ। ਕਦੇ ਕਸ਼ਮੀਰ ਅਤੇ ਕੁੱਲੂ ਸ਼ੂਟਿੰਗ ਵਾਸਤੇ ਪਸੰਦੀਦਾ ਸਥਾਨ ਸਨ ਪਰ ਹੁਣ ਇੰਗਲੈਂਡ, ਯੂਰਪ, ਸਵਿਟਜ਼ਰਲੈਂਡ ਅਤੇ ਅਮਰੀਕਾ ਵਿਦੇਸ਼ੀ ਸਥਾਨ ਲੋਕੇਸ਼ਨ ਲਈ ਪਸੰਦ ਕੀਤੇ ਜਾਂਦੇ ਹਨ। ਅੱਜ ਪੰਜਾਬੀ ਫ਼ਿਲਮਾਂ ਦਾ ਬਜਟ ਵੀ ਕਾਫ਼ੀ ਵਧ ਗਿਆ ਹੈ। 'ਜੀ ਆਇਆਂ ਨੂੰ', 'ਮੇਰਾ ਪਿੰਡ-ਮਾਈ ਹੋਮ', 'ਦੇਸ ਹੋਇਆ ਪਰਦੇਸ', 'ਮਜਾਜਣ', 'ਵਿਰਸਾ', 'ਵਾਰਿਸ ਸ਼ਾਹ' ਤੇ 'ਹੀਰ ਰਾਂਝਾ' ਫ਼ਿਲਮਾਂ ਨੇ ਦਰਸ਼ਕਾਂ ਦਾ ਪੰਜਾਬੀ ਸਿਨੇਮਾ ਵੱਲ ਰੁਝਾਨ ਵਧਾਇਆ ਹੈ ਕਿਉਂਕਿ ਇਹ ਫ਼ਿਲਮਾਂ ਮਿਆਰੀ ਸਨ। ਪੰਜਾਬੀ ਫ਼ਿਲਮਾਂ ਨੂੰ ਵੀ ਹਿੰਦੀ ਫ਼ਿਲਮਾਂ ਵਾਂਗ ਚੰਗਾ ਹੁੰਗਾਰਾ ਮਿਲਣ ਲੱਗ ਪਿਆ ਹੈ ਅਤੇ ਪੰਜਾਬੀ ਫ਼ਿਲਮਾਂ ਹੁਣ ਸਿਰਫ਼ ਪੰਜਾਬ 'ਚ ਹੀ ਨਹੀਂ , ਬਲਕਿ ਦੇਸ਼ਾਂ-ਵਿਦੇਸ਼ਾਂ ਵਿਚ ਵੀ ਪਸੰਦ ਕੀਤੀਆਂ ਜਾ ਰਹੀਆਂ ਹਨ। 'ਫ਼ਿਲਮ 'ਮੇਲ ਕਰਾਦੇ ਰੱਬਾ' ਸਫ਼ਲਤਾ ਦੇ ਝੰਡੇ ਗੱਡਦਿਆਂ ਪੰਜਾਬੀ ਸਿਨੇਮਾ ਲਈ ਨਵੇਂ ਰਾਹ ਖੋਲ੍ਹਣ 'ਚ ਕਾਮਯਾਬ ਰਹੀ। ਸਾਲ 2010 ਵਿਚ ਇੱਕੋ ਦਿਨ ਦੋ-ਦੋ ਪੰਜਾਬੀ ਫ਼ਿਲਮਾਂ ਵੀ ਰਿਲੀਜ਼ ਹੋਈਆਂ ਜੋ ਇਕ ਸ਼ੁੱਭ ਸ਼ਗਨ ਹੈ ਪਰ ਜੇਕਰ ਦੂਜੇ ਪੱਖ ਤੋਂ ਸੋਚਿਆ ਜਾਵੇ ਤਾਂ ਪੰਜਾਬੀ ਸਿਨੇਮਾ ਨੂੰ ਖੁਦ ਹੀ ਢਾਹ ਲਾਉਣ ਵਾਲੀ ਗੱਲ ਹੈ। ਪੰਜਾਬੀ ਸਿਨੇਮਾ ਅਜੇ ਏਨਾ ਸਮਰੱਥ ਨਹੀਂ ਹੋਇਆ ਕਿ ਇੱਕੋ ਦਿਨ ਦੋ ਪੰਜਾਬੀ ਫ਼ਿਲਮਾਂ ਰਿਲੀਜ਼ ਕੀਤੀਆਂ ਜਾ ਸਕਣ।

ਸ਼ੁਰੂ 'ਚ 'ਨੈਸ਼ਨਲ ਫਿਲਮ ਐਵਾਰਡ' ਪੰਜਾਬੀ ਫ਼ਿਲਮਾਂ ਨੂੰ ਟਾਂਵੇਂ ਟਾਂਵੇਂ ਹੀ ਮਿਲੇ ਹਨ। ਕੌਮੀ ਫ਼ਿਲਮ ਪੁਰਸਕਾਰ ਜਿੱਤਣ ਵਾਲੀਆਂ ਪੰਜਾਬੀ ਫ਼ਿਲਮਾਂ ਦੀ ਗੱਲ ਕਰੀਏ ਤਾਂ 'ਸਤਲੁਜ ਦੇ ਕੰਢੇ' ਪਹਿਲੀ ਫ਼ਿਲਮ ਸੀ ਜਿਸ ਨੂੰ ਸਰਵ ਸ੍ਰੇਸ਼ਠ ਪੰਜਾਬੀ ਫ਼ਿਲਮ ਹੋਣ ਦਾ ਪੁਰਸਕਾਰ ਮਿਲਿਆ ਤੇ ਫਿਰ ਮੋਹਿੰਦਰ ਨੂੰ ਫ਼ਿਲਮ 'ਨਾਨਕ ਨਾਮ ਜਹਾਜ਼ ਹੈ' ਅਤੇ ਸੰਗੀਤ ਵਾਸਤੇ ਇਸ ਪੁਰਸਕਾਰ ਨਾਲ ਨਿਵਾਜਿਆ ਗਿਆ ਸੀ, ਜਦ ਕਿ 1969 ਵਿਚ ਫ਼ਿਲਮ 'ਤਿਲ ਤਿਲ ਦਾ ਲੇਖਾ' ਨੂੰ ਪੰਜਾਬ ਸਰਕਾਰ ਨੇ ਇਕ ਬਿਹਤਰੀਨ ਫ਼ਿਲਮ ਤੇ ਕਹਾਣੀ ਦਾ ਸੂਬਾ ਪੱਧਰੀ ਪੁਰਸਕਾਰ ਦਿੱਤਾ ਸੀ। ਕੁਝ ਦਸ ਸਾਲਾਂ ਬਾਅਦ 'ਚੰਨ ਪਰਦੇਸੀ' ਨੂੰ ਕੌਮੀ ਪੁਰਸਕਾਰ ਮਿਲਿਆ। ਪਰ ਹੁਣ ਪਿਛਲੇ ਕੁਝ ਸਾਲਾਂ ਤੋਂ ਨਵੇਂ ਫ਼ਿਲਮਕਾਰਾਂ ਵਿਸ਼ੇਸ਼ਕਰ ਮਨਮੋਹਨ ਸਿੰਘ, ਗੁਰਦਾਸ ਮਾਨ, ਵਿਜੈ ਟੰਡਨ, ਇੰਦਰਜੀਤ ਵਾਲੀਆ ਨੇ ਇਹ ਘਾਟ ਦੀ ਪੂਰਤੀ ਕਰ ਦਿੱਤੀ ਹੈ। ਕੌਮੀ ਫ਼ਿਲਮ ਪੁਰਸਕਾਰ ਜੇਤੂ ਪੰਜਾਬੀ ਫ਼ਿਲਮਾਂ 'ਚ 'ਮੜ੍ਹੀ ਦਾ ਦੀਵਾ', 'ਕਚਹਿਰੀ', 'ਦੇਸ ਹੋਇਆ ਪਰਦੇਸ, 'ਮੈਂ ਮਾਂ ਪੰਜਾਬ ਦੀ', 'ਸ਼ਹੀਦ ਊਧਮ ਸਿੰਘ' ਤੇ 'ਸ਼ਹੀਦ-ਏ-ਮੁਹੱਬਤ ਬੂਟਾ ਸਿੰਘ' ਦੇ ਨਾਂ ਸ਼ਾਮਲ ਹਨ। ਗੁਰਦਾਸ ਮਾਨ ਦੀ ਫ਼ਿਲਮ 'ਵਾਰਿਸ ਸ਼ਾਹ' ਚਾਰ ਕੌਮੀ ਫ਼ਿਲਮ ਪੁਰਸਕਾਰ ਜਿੱਤਣ ਵਾਲੀ ਅਜਿਹੀ ਇੱਕੋ ਫ਼ਿਲਮ ਹੈ ਜਿਸ ਨੂੰ ਸਭ ਤੋਂ ਵਧੀਆ ਪੰਜਾਬੀ 'ਫ਼ਿਲਮ, ਸਰਵ ਸ੍ਰੇਸ਼ਠ ਪਿੱਠਵਰਤੀ ਗਾਇਕ, ਬਿਹਤਰੀਨ ਆਰਟ ਨਿਰਦੇਸ਼ਨ ਅਤੇ ਕੋਸਟੂਮ ਡਿਜ਼ਾਈਨ 'ਭੇਸਭੂਸ਼ਾ' ਲਈ ਇਹ ਪੁਰਸਕਾਰ ਮਿਲੇ ਹਨ।

ਹੁਣ ਪੰਜਾਬੀ ਸਿਨੇਮਾ ਦਾ ਭਵਿੱਖ ਸੁਨਹਿਰਾ ਜਾਪਦਾ ਹੈ ਕਿਉਂਕਿ ਪੰਜਾਬੀ ਫ਼ਿਲਮਾਂ ਦਾ ਕੈਨਵਾਸ ਬਹੁਤ ਵੱਡਾ ਹੋ ਗਿਆ ਹੈ; ਕਈ ਵੱਡੇ ਬਿਜ਼ਨਸ ਘਰਾਣਿਆਂ ਨੇ ਵੀ ਇਸ ਵੱਲ ਆਪਣੀ ਦਿਲਚਸਪੀ ਵਿਖਾਈ ਹੈ ਅਤੇ ਨਵੀਆਂ ਤਕਨੀਕਾਂ ਦੇ ਨਾਲ ਨਾਲ ਪਰਵਾਸੀ ਭਾਰਤੀ ਦਰਸ਼ਕਾਂ ਦਾ ਚੰਗਾ ਹੁੰਗਾਰਾ ਵੀ ਮਿਲ ਰਿਹਾ ਹੈ। ਪੰਜਾਬੀ ਸਿਨੇਮਾ ਨੇ ਅਪਣੀ ਹੋਂਦ ਦੇ 75 ਸਾਲ ਪੂਰੇ ਕਰ ਲਏ ਹਨ ਪਰ ਅਫ਼ਸੋਸ ਦੀ ਗੱਲ ਹੈ ਕਿ ਪੰਜਾਬੀ ਫ਼ਿਲਮਸਾਜ਼, ਪੰਜਾਬ ਸਰਕਾਰ ਅਤੇ ਫ਼ਿਲਮਾਂ 'ਚ ਦਿਲਚਸਪੀ ਰੱਖਣ ਵਾਲੇ, ਜੁੜੇ ਲੋਕ ਅਤੇ ਆਮ ਦਰਸ਼ਕ ਇਸ ਵਿਸ਼ੇਸ਼ ਮੌਕੇ ਦਾ ਜਸ਼ਨਾਂ ਮਨਾਉਣਾ ਭੁੱਲ ਗਏ ਹਨ। ਇੰਜ ਜਾਪਦਾ ਹੈ ਕਿ ਪੰਜਾਬ ਸਰਕਾਰ ਦੀ ਮਾਲੀ ਹਾਲਤ ਤੇ ਹੋਰ ਕਈ ਰੁਝੇਵੇਂ ਅਤੇ ਦੂਸਰੀਆਂ ਸੰਸਥਾਵਾਂ ਇਸ ਪੱਖੋਂ ਦੀ ਉਦਾਸਹੀਣਤਾ ਕੁਝ ਅਜਿਹੇ ਕਾਰਨ ਰਹੇ ਹਨ ਕਿ ਅਸੀਂ ਆਪਣੀ ਮਾਂ ਬੋਲੀ ਦੀਆਂ ਫ਼ਿਲਮਾਂ ਦੀ ਹੀਰਕ ਜਯੰਤੀ ਮਨਾਉਣ 'ਚ ਅਸਮਰਥ ਰਹੇ, ਪਰ ਅਜੇ ਵੀ ਦੇਰ ਨਹੀਂ ਹੋਈ, ਅਸੀਂ ਸਾਰੇ ਪੰਜਾਬੀ ਮਿਲ ਕੇ ਉੱਚ ਪੱਧਰ 'ਤੇ ਪੰਜਾਬੀ ਸਿਨੇਮਾ ਦੀ ਹੀਰਕ ਜਯੰਤੀ ਮਨਾਈਏ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੀ ਵਿਰਾਸਤ 'ਤੇ ਨਾਜ਼ ਹੋਵੇ।

**ਮੋਬਾਈਲ: 98765-45157** **98765-45157**